



ਪੰਜਾਬ ਰਾਜ ਬਿਜਲੀ ਬੋਰਡ

# ਪੰਜਾਬ ਰਾਜ ਬਿਜਲੀ ਬੋਰਡ

ਪੰਜਾਬ ਰਾਜ ਬਿਜਲੀ ਬੋਰਡ ਵੱਲੋਂ ਆਪਣੇ ਪਿਆਰੇ ਬਿਨੈਕਾਰਾਂ ਅਤੇ ਖੱਪਤਕਾਰਾਂ ਲਈ ਹੇਠ ਲਿਖੇ ਅਨੁਸਾਰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਤੋਂ ਜਾਣੂ ਹੋ ਕੇ ਹਰ ਕੋਈ ਬਿਨੈਕਾਰ ਅਤੇ ਖੱਪਤਕਾਰ ਲਾਭ ਉਠਾ ਸਕਦਾ ਹੈ।

**1. ਕੁਨੈਕਸ਼ਨ ਦੇਣ ਦਾ ਸਮਾਂ**

ਘਰੇਲੂ/ਵਪਾਰਕ ਅਤੇ ਉਦਯੋਗਿਕ ਅਰਜ਼ੀਆਂ ਦੇ ਵਿਰੁੱਧ ਕੁਨੈਕਸ਼ਨ ਦੇਣ ਸਬੰਧੀ ਸਮਾਂ ਬੰਧ ਤਰੀਕਾ ਹੇਠ ਲਿਖੇ ਅਨੁਸਾਰ ਨਿਸ਼ਚਿਤ ਕੀਤਾ ਗਿਆ ਹੈ।

**ੳ) ਘਰੇਲੂ/ਵਪਾਰਕ ਕੁਨੈਕਸ਼ਨ**

| | **ਸਕਿਉਰਟੀ** | | | **ਸਰਵਿਸ ਕੁਨੈਕਸ਼ਨ ਚਾਰਜਜ਼** | | **ਸਮਾਂ** |
|---|---|---|---|---|---|---|
| | ਘਰੇਲੂ | ਵਪਾਰਕ | | ਘਰੇਲੂ | ਵਪਾਰਕ | |
| 50 ਕਿ.ਵਾ. ਤੱਕ | 500/- ਰੁਪਏ | 700/- ਰੁਪਏ | 1 ਤੋਂ 3 ਕਿ.ਵਾ. | 300/- | 500/- | 1 ਹਫ਼ਤਾ |
| 50 ਕਿ.ਵਾ. ਤੋਂ ਉੱਪਰ | ਕਿ.ਵਾ. | ਕਿ.ਵਾ. | 3 ਤੋਂ 7 ਕਿ.ਵਾ. | 500/- | 750/- | 4 ਹਫ਼ਤੇ |
| -ਉਹੀ- | ---- | ---- | 7 ਤੋਂ ਉੱਪਰ ਕਿ.ਵਾ. | 750/- | 1000/- | |

**ਅ) ਉਦਯੋਗਿਕ ਕੁਨੈਕਸ਼ਨ (ਛੋਟੇ 20 ਕਿ.ਵਾਟ ਤੱਕ)**

| | | | | |
|---|---|---|---|---|
| 1) | ਮੰਗ ਪੱਤਰ ਜਾਰੀ ਕਰਨਾ | 500/- ਪ੍ਰਤੀ | 750/- ਪ੍ਰਤੀ | 4 ਹਫ਼ਤੇ |
| 2) | ਮੰਗ ਪੱਤਰ ਦੀ ਪਾਲਣਾ ਉਪਰੰਤ ਕੁਨੈਕਸ਼ਨ ਜਾਰੀ ਕਰਨਾ | ਕਿ.ਵਾ. | ਕਿ.ਵਾ. | 8 ਹਫ਼ਤੇ |

**ੲ) ਉਦਯੋਗਿਕ ਕੁਨੈਕਸ਼ਨ ਦਰਮਿਆਨੇ 21 ਤੋਂ 99 ਕਿ.ਵਾ.**

| | | | | |
|---|---|---|---|---|
| 1) | ਮੰਗ ਪੱਤਰ ਜਾਰੀ ਕਰਨਾ | 750/- ਪ੍ਰਤੀ | 750/- ਪ੍ਰਤੀ | 4 ਹਫ਼ਤੇ |
| 2) | ਕੁਨੈਕਸ਼ਨ ਜਾਰੀ ਕਰਨਾ | ਕਿ.ਵਾ. | ਕਿ.ਵਾ. | 12 ਹਫ਼ਤੇ |

**ਸ) ਉਦਯੋਗਿਕ ਵੱਡੇ ਕੁਨੈਕਸ਼ਨ 500 ਕਿ.ਵਾ. ਤੱਕ**

| | | | | |
|---|---|---|---|---|
| 1) | ਮੰਗ ਪੱਤਰ ਜਾਰੀ ਕਰਨਾ | 1000/- ਰੁ. | 750/- ਰੁ. | 8 ਹਫ਼ਤੇ |
| 2) | ਕੁਨੈਕਸ਼ਨ ਜਾਰੀ ਕਰਨਾ | ਪ੍ਰਤੀ ਕਿ.ਵਾ. | ਪ੍ਰਤੀ ਕਿ.ਵਾ. ਜਾਂ ਤਖਮੀਨੇ ਦੀ ਰਕਮ ਜੋ ਵੀ ਵੱਧ ਹੋਵੇ | 12 ਹਫ਼ਤੇ |

| | | | | |
|---|---|---|---|---|
| **ਹ)** | **ਉਦਯੋਗਿਕ ਵੱਡੇ ਕੁਨੈਕਸ਼ਨ 500 ਕਿ.ਵਾ. ਤੋਂ ਉੱਪਰ** | | | |
| 1) | ਸੰਭਵ ਅਧਿਆਨ | ਪਾਵਰ ਇਨਟੈਨਸਿਵ ਯੂਨਿਟ | -ਉਹੀ- | 90 ਦਿਨ |
| 2) | ਮੰਗ ਪੱਤਰ ਜਾਰੀ ਕਰਨਾ | 1500 ਕਿ.ਵਾ. ਪ੍ਰਤੀ ਮਹੀਨਾ | | 60 ਦਿਨ |
| 3) | ਕੁਨੈਕਸ਼ਨ ਜਾਰੀ ਕਰਨਾ | (11 ਕੇ.ਵੀ.) | | 90 ਦਿਨ |
| ਕ) | ਬਲਕ ਸਪਲਾਈ | -ਉਹੀ- | -ਉਹੀ- | 90 ਦਿਨ |
| ਖ) | ਸਟਰੀਟ ਲਾਈਟ | 2000/- ਪ੍ਰਤੀ ਕਿ.ਵਾ. | -ਉਹੀ- | 4 ਹਫ਼ਤੇ |
| ਗ) | ਖੇਤੀਬਾੜੀ | 200/- ਪ੍ਰਤੀ ਬੀ.ਐਚ.ਪੀ. | 3000/- ਪ੍ਰਤੀ ਬੀ.ਐਚ.ਪੀ. | |

**2. ਪਹਿਲ ਅਧੀਨ ਖੇਤੀਬਾੜੀ ਕੁਨੈਕਸ਼ਨ**

ਹੇਠ ਲਿਖੀਆਂ ਕੈਟਾਗਰੀਆਂ ਵਿੱਚ ਪਹਿਲ ਅਧੀਨ ਕੁਨੈਕਸ਼ਨ ਜਾਰੀ ਕੀਤੇ ਜਾਂਦੇ ਹਨ।

1) ਕੰਢੀ ਇਲਾਕੇ ਵਿੱਚ ਡੂੰਘੇ ਬੋਰ ਟਿਊਬਵੈਲ (10 ਕਿ.ਵਾ. ਜਾਂ ਇਸ ਤੋਂ ਉੱਪਰ)

2) ਐਕਸ ਸਰਵਿਸ ਮੈਨ

3) ਚੇਅਰਮੈਨ ਕੋਟਾ ਪਹਿਲ

**3. ਪੈਡੀ ਸੀਜ਼ਨ ਦੌਰਾਨ ਖਪਤਕਾਰਾਂ ਨੂੰ ਸਪਲਾਈ ਦੇਣ ਸਬੰਧੀ**

ਪੰਜਾਬ ਰਾਜ ਬਿਜਲੀ ਬੋਰਡ ਵੱਲੋਂ ਪੈਡੀ ਸੀਜ਼ਨ ਦੌਰਾਨ ਖੇਤੀਬਾੜੀ ਖਪਤਕਾਰਾਂ ਨੂੰ 8 ਘੰਟੇ ਬਿਜਲੀ ਦੀ ਸਪਲਾਈ ਯਕੀਨੀ ਬਨਾਉਣ ਲਈ 24 ਘੰਟੇ ਕੰਟਰੋਲ ਰੂਮ ਅਤੇ ਖਪਤਕਾਰ ਕੇਅਰ ਸੈਂਟਰ ਖੋਲ੍ਹੇ ਜਾਂਦੇ ਹਨ।

**4. ਖਪਤਕਾਰ ਸ਼ਿਕਾਇਤ ਕੇਂਦਰ**

ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿੱਚ ਖਪਤਕਾਰਾਂ ਦੀਆਂ ਸ਼ਿਕਾਇਤਾਂ ਅਟੈਂਡ ਕਰਨ ਲਈ ਖਪਤਕਾਰ ਸ਼ਿਕਾਇਤ ਕੇਂਦਰ ਖੋਲੇ ਗਏ ਹਨ। ਖਪਤਕਾਰਾਂ ਦੀਆਂ ਸ਼ਿਕਾਇਤਾਂ ਟੈਲੀਫੋਨ ਤੇ ਵੀ ਲਈਆਂ ਜਾਂਦੀਆਂ ਹਨ ਅਤੇ ਉਹਨਾਂ ਨੂੰ ਅਟੈਂਡ ਕੀਤਾ ਜਾਂਦਾ ਹੈ।

**5. ਪੇਂਡੂ ਖੇਤਰ ਵਿੱਚ (ਗਰੀਬੀ ਰੇਖਾਂ ਤੋਂ ਹੇਠਾਂ) ਰਹਿਣ ਵਾਲਿਆਂ ਨੂੰ ਸਿੰਗਲ ਲਾਈਟ ਪੁਆਇੰਟ ਕੁਨੈਕਸ਼ਨ ਦੇਣ ਬਾਰੇ।**

ਪਿੰਡਾਂ ਵਿੱਚ ਬੀ.ਪੀ.ਐਲ. ਸਕੀਮ ਅਧੀਨ ਸਿੰਗਲ ਲਾਈਟ ਪੁਆਇੰਟ ਕੁਨੈਕਸ਼ਨ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਨੂੰ ਘਰੇਲੂ ਕੁਨੈਕਸ਼ਨ ਬਿਨ੍ਹਾਂ ਕਿਸੇ ਕੀਮਤ ਤੋਂ ਦਿੱਤੇ ਜਾਂਦੇ ਹਨ। ਸਾਲ 2004-05 ਵਿੱਚ ਇਸ ਸਕੀਮ ਅਧੀਨ 2120 ਕੁਨੈਕਸ਼ਨ ਜਾਰੀ ਕੀਤੇ ਜਾਣੇ ਹਨ।

**6. ਆਲੂ ਲਗਾਉਣ ਵਾਲੇ ਇਲਾਕਿਆਂ ਨੂੰ ਬਿਨ੍ਹਾਂ ਕੱਟ ਬਿਜਲੀ ਸਪਲਾਈ ਦੇਣ ਬਾਰੇ।**

ਜਿਨ੍ਹਾਂ ਇਲਾਕਿਆਂ ਵਿੱਚ ਆਲੂ ਪੈਦਾ ਕੀਤੇ ਜਾਂਦੇ ਹਨ, ਉਨ੍ਹਾਂ ਨੂੰ 6 ਘੰਟੇ ਸਪਲਾਈ ਦਿਨ ਵੇਲੇ ਦਿੱਤੀ ਜਾਂਦੀ ਹੈ।

**7. ਖੇਤੀਬਾੜੀ ਖਪਤਕਾਰਾਂ ਨੂੰ ਰਿਆਇਤੀ ਰੇਟਾਂ ਤੇ ਪਾਵਰ ਸਪਲਾਈ ਦੇਣ ਬਾਰੇ**

ਖੇਤੀਬਾੜੀ ਖਪਤਕਾਰਾਂ ਨੂੰ 57 ਪੈਸੇ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਅਤੇ ਫਲੈਟ ਰੇਟ ਕੁਨੈਕਸ਼ਨਾਂ ਲਈ 60/- ਪ੍ਰਤੀ ਬੀ.ਐਚ.ਪੀ. ਦੇ ਹਿਸਾਬ ਨਾਲ ਸਪਲਾਈ ਦਿੱਤੀ ਜਾਂਦੀ ਹੈ।

## 8. ਸਵੈ ਇੱਛਾ ਸਕੀਮ ਅਧੀਨ ਖੇਤੀਬਾੜੀ ਖਪਤਕਾਰਾਂ ਦੇ ਲੋਡ ਵਿੱਚ ਵਾਧਾ ਕਰਨਾ

ਖੇਤੀਬਾੜੀ ਖਪਤਕਾਰਾਂ ਨੂੰ ਦਿੱਤੇ ਲੋਡ ਵਿੱਚ ਵਾਧਾ ਕਰਨ ਲਈ ਸਵੈ ਇੱਛਾ ਤੌਰ ਤੇ ਵਧੇ ਲੋਡ ਨੂੰ ਦੱਸਣ ਬਾਰੇ ਚਲਦੇ ਫਿਰਦੇ ਕੈਂਪ ਲਗਾਏ ਗਏ ਹਨ, ਜਿਸ ਵਿੱਚ 1000/- ਰੁ. ਪ੍ਰਤੀ ਬੀ.ਐਚ.ਪੀ. ਸਰਵਿਸ ਕੁਨੈਕਸ਼ਨ ਚਾਰਜਿਜ਼ ਅਤੇ 200/- ਰੁ. ਪ੍ਰਤੀ ਬੀ.ਐਚ.ਪੀ. ਵਾਧੂ ਏ.ਸੀ.ਡੀ. ਲਈ ਜਾਂਦੀ ਹੈ, ਜੋ ਕਿ ਬਿਜਲੀ ਬੋਰਡ ਵੱਲੋਂ ਸਿਸਟਮ ਵਿੱਚ ਸੁਧਾਰ ਕਰਨ ਲਈ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਦੂਸਰੀ ਸਾਰੀਆਂ ਕਾਰਵਾਈਆਂ ਇਸ ਸਕੀਮ ਤਹਿਤ ਤੁਰੰਤ ਮੌਕੇ ਤੇ ਪੂਰੀਆਂ ਕਰ ਲਈਆਂ ਜਾਂਦੀਆਂ ਹਨ। ਖਪਤਕਾਰਾਂ ਕੋਲੋਂ ਕੋਈ ਵੀ ਦਸਤਾਵੇਜ਼ ਨਹੀਂ ਲਿਆ ਜਾਂਦਾ। ਮੰਜ਼ੂਰੀ ਮੌਕੇ ਤੇ ਹੀ ਦਿੱਤੀ ਜਾਂਦੀ ਹੈ।

## 9. ਸ਼ਿਕਾਇਤਾਂ ਦਾ ਨਿਪਟਾਰਾ

ਹਰ ਹਫ਼ਤੇ ਮੰਡਲ, ਉਪ ਮੰਡਲ ਪੱਧਰ ਤੇ ਖਪਤਕਾਰਾਂ ਦੀਆਂ ਦੁੱਖ ਤਕਲੀਫਾਂ ਨੂੰ ਦੂਰ ਕਰਨ ਲਈ ਹਰ ਸੋਮਵਾਰ 9.30 ਵਜੇ ਕੈਂਪ ਲਗਾਏ ਜਾਂਦੇ ਹਨ ਅਤੇ ਖਪਤਕਾਰਾਂ ਦੀਆਂ ਸ਼ਿਕਾਇਤਾਂ ਨੂੰ ਪੂਰੇ ਧਿਆਨ ਨਾਲ ਸੁਣ ਕੇ ਨਿਪਟਾਰਾ ਕੀਤਾ ਜਾਂਦਾ ਹੈ।

## 10. ਝਗੜਾ ਨਿਵਾਰਨ ਕਮੇਟੀਆਂ

ਜ਼ੋਨਲ/ਹਲਕਾ/ਮੰਡਲ ਪੱਧਰ ਤੇ ਝਗੜਾ ਨਿਵਾਰਨ ਕਮੇਟੀਆਂ ਗਠਿਤ ਕੀਤੀਆਂ ਹਨ, ਜੋ ਕਿ ਅਦਾਲਤਾਂ ਤੋਂ ਬਾਹਰ ਹੀ ਬਿਜਲੀ ਦੇ ਬਿੱਲਾਂ ਅਤੇ ਦੂਸਰੇ ਮਸਲਿਆਂ ਨੂੰ ਨਿਪਟਾਉਂਦੀਆਂ ਹਨ। ਇਨ੍ਹਾਂ ਕਮੇਟੀਆਂ ਦਾ ਉਦੇਸ਼ ਹੈ ਕਿ ਖਪਤਕਾਰਾਂ ਦੀਆਂ ਸਮੱਸਿਆਵਾਂ ਨੂੰ ਦੂਰ ਕੀਤਾ ਜਾਵੇ ਅਤੇ ਅਦਾਲਤਾਂ ਦੇ ਖ਼ਰਚੇ ਤੋਂ ਬਚਿਆ ਜਾ ਸਕੇ। ਇਨ੍ਹਾਂ ਕਮੇਟੀਆਂ ਦੇ ਫ਼ੈਸਲਿਆਂ ਵਿਰੁੱਧ ਅਪੀਲ ਵੀ ਕੀਤੀ ਜਾ ਸਕਦੀ ਹੈ। 5000/- ਰੁ. ਤੱਕ ਦੇ ਝਗੜੇ ਵਾਲੇ ਕੇਸ ਮੰਡਲ ਪੱਧਰ, 100000/- ਰੁ. ਦੇ ਕੇਸ ਹਲਕਾ ਪੱਧਰ ਅਤੇ 500000/- ਰੁ. ਤੱਕ ਜ਼ੋਨਲ ਪੱਧਰ ਦੀ ਝਗੜਾ ਨਿਵਾਰਨ ਕਮੇਟੀ ਵੱਲੋਂ ਵਿਚਾਰੇ/ਨਿਪਟਾਏ ਜਾਂਦੇ ਹਨ। 500000/- ਰੁ. ਤੋਂ ਉੱਪਰ ਵਾਲੇ ਕੇਸ ਝਗੜਾ ਨਿਵਾਰਨ ਅਥਾਰਟੀ ਪਟਿਆਲਾ ਵੱਲੋਂ ਵਿਚਾਰੇ ਜਾਂਦੇ ਹਨ।

## 11. ਬਿਜਲੀ ਦੇ ਬਿੱਲ ਐਡਵਾਂਸ ਜਮ੍ਹਾਂ ਕਰਵਾਉਣ ਵਾਲਿਆਂ ਨੂੰ ਉਤਸਾਹਿਤ ਕਰਨਾ

ਇਸ ਸਕੀਮ ਅਧੀਨ ਘਰੇਲੂ/ਗ਼ੈਰ ਰਿਹਾਇਸ਼ੀ ਸਮਾਲ ਪਾਵਰ ਅਤੇ ਖੇਤੀਬਾੜੀ ਦੇ ਖਪਤਕਾਰਾਂ ਨੂੰ ਉਤਸ਼ਾਹਤ ਕੀਤਾ ਗਿਆ ਹੈ। ਇਸ ਸਕੀਮ ਅਧੀਨ ਜਿਹੜੇ ਖਪਤਕਾਰ 6 ਮਹੀਨੇ ਦੇ ਐਡਵਾਂਸ ਬਿੱਲ ਜਮ੍ਹਾਂ ਕਰਵਾਉਂਦੇ ਹਨ, ਉਨ੍ਹਾਂ ਲਈ ਇਹ ਸਕੀਮ ਲਾਗੂ ਕੀਤੀ ਗਈ ਹੈ। ਇਸ ਸਕੀਮ ਨਾਲ ਖਪਤਕਾਰਾਂ ਨੂੰ ਲਾਈਨ ਵਿੱਚ ਖੜ੍ਹੇ ਹੋ ਕੇ ਬਿੱਲ ਜਮ੍ਹਾਂ ਨਹੀਂ ਕਰਵਾਉਣੇ ਪੈਂਦੇ। ਇਸ ਸਕੀਮ ਵਿੱਚ ਖਪਤਕਾਰਾਂ ਨੂੰ ਬੈਂਕ ਦੇ ਸੇਵਿੰਗ ਅਕਾਉਂਟ ਮੁਤਾਬਿਕ ਵਿਆਜ਼ ਵੀ ਦਿੱਤਾ ਜਾਂਦਾ ਹੈ।

## 12. ਮੀਟਰਾਂ ਦੀਆਂ ਸੀਲਾਂ

ਬਿਜਲੀ ਬੋਰਡ ਵੱਲੋਂ ਜਦੋਂ ਵੀ ਕੋਈ ਕੁਨੈਕਸ਼ਨ ਦਿੱਤਾ ਜਾਂਦਾ ਹੈ, ਮੀਟਰ ਦੀ ਬਾਡੀ ਦੇ ਆਲੇ-ਦੁਆਲੇ ਸੀਲਾਂ ਲਗਾਈਆਂ ਜਾਂਦੀਆਂ ਹਨ, ਜੋ ਕਿ ਮੀਟਰਿੰਗ ਲਬਾਰਟਰੀ ਵੱਲੋਂ ਲਗਾਈਆਂ ਜਾਂਦੀਆਂ ਹਨ। ਕੁਨੈਕਸ਼ਨ ਦੇਣ ਸਮੇਂ ਇੱਕ ਸੀਲ ਮੀਟਰ ਟਰਮੀਨਲ ਪਲੇਟ ਤੇ ਸਬੰਧਤ ਦਫ਼ਤਰ ਵੱਲੋਂ ਲਗਾਈ ਜਾਂਦੀ ਹੈ। ਆਮ ਤੌਰ ਤੇ ਇਸ ਮੀਟਰ ਨੂੰ ਇੱਕ ਬਕਸੇ ਵਿੱਚ ਲਗਾ ਕੇ ਬਕਸਾ ਵੀ ਸੀਲ ਕੀਤਾ ਜਾਂਦਾ ਹੈ। ਇਹਨਾਂ ਸੀਲਾਂ ਨੂੰ ਤੋੜਨ ਦਾ ਅਖ਼ਤਿਆਰ ਕਿਸੇ ਵੀ ਖਪਤਕਾਰ ਨੂੰ ਨਹੀਂ ਹੈ। ਉਪਰੋਕਤ ਵੱਖ-ਵੱਖ ਕੈਟਾਗਰੀ ਦੀਆਂ ਸੀਲਾਂ ਤੋੜਨ ਲਈ ਵੱਖ-ਵੱਖ ਕਰਮਚਾਰੀ ਜਾਂ ਅਧਿਕਾਰੀਆਂ ਨੂੰ ਇਹ ਅਧਿਕਾਰ ਸੌਂਪੇ ਗਏ ਹਨ। ਮੀਟਰ ਦੀ ਬਾਡੀ ਦੀ ਸੀਲ, ਜੋ ਲੈਬ ਵੱਲੋਂ ਲਗਾਈ ਜਾਂਦੀ ਹੈ, ਉਸ ਨੂੰ ਖਪਤਕਾਰ ਦੇ ਅਹਾਤੇ ਵਿੱਚ ਤੋੜਨ ਲਈ ਕੋਈ ਵੀ ਕਰਮਚਾਰੀ/ਅਧਿਕਾਰੀ ਅਧਿਕਾਰਤ ਨਹੀਂ ਹੈ। ਜੇਕਰ ਚੈਕਿੰਗ ਦੌਰਾਨ ਮੀਟਰ ਦੀ ਬਾਡੀ ਦੀ ਕੋਈ ਵੀ ਸੀਲ ਟੁੱਟੀ ਪਾਈ ਜਾਂਦੀ ਹੈ ਤਾਂ ਉਸ ਨੂੰ ਚੋਰੀ ਕੇਸ ਮੰਨ ਕੇ ਮੁਆਵਜ਼ੇ ਦੇ ਪੈਸੇ ਚਾਰਜ ਕੀਤੇ ਜਾਂਦੇ ਹਨ। ਮੁਆਵਜ਼ਾਂ 3

ਕਿ.ਵਾ. ਲੋਡ ਤੱਕ 500/- ਰੁ. ਪ੍ਰਤੀ ਕਿ.ਵਾ. ਅਤੇ ਲੋਡ 3 ਕਿ.ਵਾ. ਤੋਂ ਉੱਪਰ ਹੋਵੇਗਾ ਤਾਂ ਮੁਆਵਜ਼ਾ 1000/- ਰੁ. ਪ੍ਰਤੀ ਕਿਲੋਵਾਟ ਲਿਆ ਜਾਂਦਾ ਹੈ।

ਜੇਕਰ ਖਪਤਕਾਰ ਦੀ ਬਿਜਲੀ ਕਿਸੀ ਤਰ੍ਹਾਂ ਮੀਟਰ ਤੋਂ ਬੰਦ ਹੋ ਜਾਂਦੀ ਹੈ ਤਾਂ ਮੀਟਰ ਬਕਸੇ ਦੀ ਸੀਲ/ਮੀਟਰ ਟਰਮੀਨਲ ਪਲੇਟ ਦੀ ਸੀਲ, ਜੋ ਕਿ ਵਿਭਾਗ ਦੇ ਅਧਿਕਾਰਤ ਕਰਮਚਾਰੀ/ਅਧਿਕਾਰੀ ਵੱਲੋਂ ਤੋੜੀ ਜਾਂ ਤੁੜਵਾਈ ਜਾਂਦੀ ਹੈ ਤਾਂ ਉਸ ਸੀਲ ਨੂੰ ਦੁਬਾਰਾ ਲਗਾਉਣ ਦਾ ਵਿਭਾਗ ਕੋਈ ਵੀ ਪੈਸਾ ਚਾਰਜ ਨਹੀਂ ਕਰਦਾ ਹੈ। ਮੌਕੇ ਤੇ ਹੀ ਪੇਪਰ ਸੀਲ ਸਬੰਧਤ ਕਰਮਚਾਰੀ/ਅਧਿਕਾਰੀ ਵੱਲੋਂ ਲਗਾ ਦਿੱਤੀ ਜਾਂਦੀ ਹੈ, ਜਿਸ ਨੂੰ ਬਾਅਦ ਵਿੱਚ ਪੱਕੀ ਸਿੱਕੇ ਦੀ ਸੀਲ ਨਾਲ ਤਬਦੀਲ ਕੀਤਾ ਜਾਂਦਾ ਹੈ।

ਬੋਰਡ ਅਧਿਕਾਰੀਆਂ ਵੱਲੋਂ ਇਹ ਅਪੀਲ ਕੀਤੀ ਜਾਂਦੀ ਹੈ ਕਿ ਹਰ ਕੋਈ ਬਿਨੈਕਾਰ ਜਾਂ ਖਪਤਕਾਰ ਆਪੋ ਆਪਣੇ ਕਾਰਜ/ਮੁਸ਼ਕਿਲ ਲਈ ਆਪਣੇ ਇਲਾਕੇ ਦੇ ਸਬੰਧਤ ਅਧਿਕਾਰੀ/ਇੰਜੀਨੀਅਰ/ਉਪ ਮੰਡਲ ਅਫ਼ਸਰ ਨੂੰ ਜ਼ਰੂਰ ਮਿਲੇ।